# ਮਾਪਿਆਂ ਅਤੇ ਕਨੂੰਨੀ ਸਰਪ੍ਰਸਤਾਂ ਲਈ ਅਕਸਰ ਪੁੱਛੇ ਜਾਂਦੇ ਸਵਾਲ: ਸਕੂਲਾਂ ਵਿੱਚ ਕੋਵਿਡ -19 ਟੈਸਟਿੰਗ




LifeLabs ਨੂੰ ਕੋਵਿਡ-19 ਮਹਾਂਮਾਰੀ ਦੇ ਦੌਰਾਨ ਆਪਣੀ ਸਭ ਤੋਂ ਨੌਜਵਾਨ ਆਬਾਦੀ ਨੂੰ ਸੁਰੱਖਿਅਤ ਅਤੇ ਸਿਹਤਮੰਦ ਰੱਖਣ ਵਿੱਚ ਮਦਦ ਕਰਨ ਤੇ ਮਾਣ ਹੈ। ਬਿਨਾਂ ਲਛੱਣ ਵਾਲੇ ਵਿਦਿਆਰਥੀਆਂ, ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ, ਅਧਿਆਪਕਾਂ ਅਤੇ ਸਟਾਫ ਦੀ ਸਵੈਇੱਛਤ ਜਾਂਚ ਲਈ ਅਗਲੇ ਕੁਝ ਦਿਨਾਂ ਦੇ ਅੰਦਰ, ਕੋਵਿਡ -19 ਟੈਸਟਿੰਗ ਲਈ ਇੱਕ ਹੱਬ ਕੁਲੇਕਸ਼ਨ ਸਾਇਟ ਉਪਲਬਧ ਹੋਵੇਗੀ।

ਸਕੂਲਾਂ ਵਿਚ ਬਿਨ੍ਹਾਂ ਲਛੱਣਾਂ ਤੋਂ ਟੈਸਟਿੰਗ ਕਰਨਾ ਸੁਰੱਖਿਆ ਦੀ ਇਕ ਮਹੱਤਵਪੂਰਣ ਪਰਤ ਵਜੋਂ ਕੰਮ ਕਰਦਾ ਹੈ ਜੋ ਕੋਵਿਡ -19 ਦੀ ਪਛਾਣ ਕਰਕੇ ਉਸਨੂੰ ਫੈਲਣ ਤੋਂ ਰੋਕਦਾ ਹੈ। ਜਿਆਦਾ ਟੈਸਟਿੰਗ ਕਰਨ ਨਾਲ ਕੇਸਾਂ ਦੀ ਪਛਾਣ ਜਲਦੀ ਹੋ ਜਾਂਦੀ ਹੈ ਜਿਸ ਤੋਂ ਇਸ ਵਾਇਰਸ ਨਾਲ ਜੁੜੇ ਤਣਾਅ ਅਤੇ ਚਿੰਤਾ ਨੂੰ ਵੀ ਘਟਾਇਆ ਜਾ ਸਕਦਾ ਹੈ ਅਤੇ ਇਸ ਮਹਾਂਮਾਰੀ ਦੇ ਪ੍ਰਕੋਪ ਦਾ ਪ੍ਰਬੰਧਨ ਕਰਕੇ ਸਕੂਲਾਂ ਨੂੰ ਸਾਰਿਆਂ ਲਈ ਪੜ੍ਹਨਾ ਅਤੇ ਕੰਮ ਕਰਨ ਲਈ ਸੁਰੱਖਿਅਤ ਰੱਖਣ ਵਿੱਚ ਮਦਦ ਮਿਲਦੀ ਹੈ।

### ਕੀ ਤੁਹਾਡੇ ਕੋਲ ਬਿਨਾਂ ਅਪਾਇੰਟਮੇਂਟ (ਵਾਕ-ਇਨ) ਦੇ ਆਇਆ ਜਾ ਸਕਦਾ ਹੈ?

ਹਾਂ, ਅਸੀਂ ਵਾਕ-ਇਨ ਨੂੰ ਸਵੀਕਾਰ ਕਰਾਂਗੇ।

### ਕੀ ਮੈਨੂੰ ਆਪਣੇ ਬੱਚੇ ਨੂੰ ਰਜਿਸਟਰ ਕਰਨਾ ਪਏਗਾ?

ਅਸੀਂ ਸਲਾਹ ਦਿੱਦੇ ਹਾਂ ਕਿ ਸਾਰੇ ਮਾਪੇ ਜਾਂ ਕਾਨੂੰਨੀ ਸਰਪ੍ਰਸਤ ਆਪਣੇ ਬੱਚੇ/ਬੱਚਿਆਂ ਨੂੰ ਪਹਿਲਾਂ ਤੋਂ ਹੀ ਆਨਲਾਈਨ ਰਜਿਸਟਰ ਕਰ ਲੈਣ। ਜੇ ਤੁਸੀਂ ਆਨਲਾਈਨ ਪ੍ਰੀ-ਰਜਿਸਟ੍ਰੇਸ਼ਨ ਨੂੰ ਪੂਰਾ ਨਹੀਂ ਕਰ ਪਾਉਂਦੇ ਤਾਂ ਕਿਰਪਾ ਕਰਕੇ ਨੋਟ ਕਰੋ ਕਿ ਅਸੀਂ ਵਾਕ-ਇਨ ਨੂੰ ਵੀ ਸਵੀਕਾਰ ਕਰਦੇ ਹਾਂ।

### ਆਪਣੇ ਸਕੂਲ ਤੋਂ ਰਜਿਸਟ੍ਰੇਸ਼ਨ ਕੋਡ ਪ੍ਰਾਪਤ ਕਰਨ ਤੇ, ਕਿਰਪਾ ਕਰਕੇ ਹੇਠਾਂ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਕਰੋ।

1. ਆਪਣੇ ਡੈਸਕਟਾਪ ਜਾਂ ਮੋਬਾਈਲ ਉਪਕਰਣ ਤੇ my.thrive.health ਤੇ ਜਾਓ।
2. ਆਪਣੇ ਈਮੇਲ ਪਤੇ ਦੀ ਵਰਤੋਂ ਕਰਕੇ ਇੱਕ ਖਾਤਾ ਬਣਾਓ। ਇੱਕ ਪਾਸਵਰਡ ਬਣਾਓ।
3. ਆਪਣੇ ਈਮੇਲ ਪਤੇ ਦੀ ਤਸਦੀਕ ਕਰੋ।
4. Registering with a partner ਤੇ ਕਲਿਕ ਜਾਂ ਟੈਪ ਕਰੋ।
5. ਆਪਣਾ ਰਜਿਸਟਰੀ ਕੋਡ ਦਰਜ ਕਰੋ।
   - ਕਿਰਪਾ ਕਰਕੇ ਆਪਣੇ ਸਕੂਲ ਲਈ ਯੂਨੀਕ ਰਜਿਸਟ੍ਰੇਸ਼ਨ ਕੋਡਾਂ ਲਈ ਆਪਣੇ ਸਕੂਲ ਦੀ ਚਿੱਠੀ ਵੇਖੋ।
6. ਗੋਪਨੀਯਤਾ ਕਥਨ ਨੂੰ ਪੜ੍ਹੋ ਅਤੇ ਪ੍ਰਵਾਨ ਕਰੋ। ਜੇ ਤੁਸੀਂ 18 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਲਈ ਰਜਿਸਟਰ ਕਰ ਰਹੇ ਹੋ, ਤਾਂ ਉਚਿਤ ਬਾਕਸ ਨੂੰ ਚੈੱਕ ਕਰੋ ਅਤੇ ਨਾਮ ਦਾ ਵੇਰਵਾ ਦਿਓ।
7. ਜੋ ਰਜਿਸਟਰੀ ਕੋਡ ਤੁਸੀਂ ਚਰਣ 5 ਵਿੱਚ ਦਿੱਤਾ ਹੈ, ਇਹ ਚੋਣ ਕਰੋ ਕਿ ਉਸਨੂੰ ਕਿਸ ਪ੍ਰੋਫਾਈਲ ਨਾਲ ਜੋੜਨਾ ਹੈ। ਜੇ ਤੁਸੀਂ ਆਪਣੇ ਬੱਚੇ ਲਈ ਰਜਿਸਟਰ ਕਰ ਰਹੇ ਹੋ, ਤਾਂ ਇਸ ਰਜਿਸਟਰੀ ਕੋਡ ਨਾਲ ਲਿੰਕ ਕਰਨ ਲਈ ਆਪਣੇ ਬੱਚੇ ਲਈ ਇਕ ਪ੍ਰੋਫਾਈਲ ਸੈਟ ਅੱਪ ਕਰਨ ਲਈ 'New Child' ਤੇ ਕਲਿੱਕ ਕਰੋ।
8. ਆਪਣੇ ਬੱਚੇ ਦੀ ਜਾਣਕਾਰੀ ਦਰਜ ਕਰੋ, ਤੁਹਾਨੂੰ ਕੁਝ ਵੇਰਵੇ ਵੀ ਪ੍ਰਦਾਨ ਕਰਨ ਲਈ ਆਖਿਆ ਜਾਵੇਗਾ।
9. ਹੁਣ ਤੁਸੀਂ ਆਪਣੇ ਕੋਵਿਡ -19 ਟੈਸਟ ਨੂੰ ਬੁੱਕ ਕਰਾ ਸਕਦੇ ਹੋ। "Book your COVID-19 Test" ਤੇ ਕਲਿਕ ਜਾਂ ਟੈਪ ਕਰੋ ਅਤੇ ਟਾਈਮ ਦੀ ਚੋਣ ਕਰੋ। ਇਸ ਨੂੰ ਚੁਣਨ ਤੋਂ ਬਾਅਦ ਤੁਸੀਂ ਆਪਣਾ ਸਮਾਂ ਨਹੀਂ ਬਦਲ ਸਕਦੇ ਇਸ ਲਈ ਕਿਰਪਾ ਕਰਕੇ ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਉਸ ਸਮੇਂ ਉਪਲਬਧ ਹੋਵੋ।
10. ਜੇ ਤੁਹਾਨੂੰ ਕਿਸੇ ਹੋਰ ਵਿਅਕਤੀ ਨੂੰ ਰਜਿਸਟਰ ਕਰਨ ਦੀ ਜ਼ਰੂਰਤ ਹੈ, ਤਾਂ ਆਪਣੇ ਫੈਮਿਲੀ' ਪੰਨੇ 'ਤੇ ਜਾਓ (ਹੋਮ ਪੇਜ ਦੇ ਅੱਗੇ) ਅਤੇ 'Register with Partner'' 'ਤੇ ਕਲਿੱਕ ਕਰੋ।

www.LifeLabs.com

LifeLabs®

### ?ਕੀ ਮੇਰੇ ਬੱਚੇ ਨਾਲ ਮੇਰਾ ਵੀ ਟੈਸਟ ਕੀਤਾ ਜਾ ਸਕਦਾ ਹੈ

ਹਾਂ, ਮਾਪਿਆਂ, ਪਰਿਵਾਰਕ ਮੈਂਬਰਾਂ, ਅਧਿਆਪਕਾਂ ਅਤੇ ਸਟਾਫ ਦੀ ਵੀ ਜਾਂਚ ਕੀਤੀ ਜਾ ਸਕਦੀ ਹੈ।

### ?ਕੀ ਮੈਨੂੰ ਆਪਣੇ ਬੱਚੇ ਲਈ ਸਹਿਮਤੀ ਦੇਣ ਦੀ ਜ਼ਰੂਰਤ ਪਏਗੀ

ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਦੇ ਮਾਪਿਆਂ ਜਾਂ ਕਾਨੂੰਨੀ ਸਰਪ੍ਰਸਤਾਂ 18 ਤੋਂ ਟੈਸਟ ਲਈ ਸਹਿਮਤੀ ਦੀ ਲੋੜ ਹੋਵੇਗੀ।

### ?ਕੀ ਮੇਰੇ ਬੱਚੇ ਨੂੰ ਕੁਝ ਲਿਆਉਣ ਦੀ ਜ਼ਰੂਰਤ ਹੈ

ਹਾਂ, ਪਛਾਣ ਦੇ ਸਬੂਤ ਲਈ ਸਰਕਾਰ ਦੁਆਰਾ ਜਾਰੀ ਕੀਤਾ ਗਿਆ ਕੋਈ ਪਛਾਣ ਦਾ ਦਸਤਾਵੇਜ਼, ਜਿਵੇਂ ਕਿ ਜਨਮ ਦਾ ਅਸਲ ਸਰਟੀਫਿਕੇਟ, ਸਿਹਤ ਕਾਰਡ ਜਾਂ ਪਾਸਪੋਰਟ ਲਿਆਉਣਾ ਜਰੂਰੀ ਹੈ।

### ?ਟੈਸਟ ਕਦੋਂ/ਕਿੱਥੇ ਕੀਤਾ ਜਾਵੇਗਾ

ਨੇੜਲੇ ਸਕੂਲ ਦੇ ਭਾਗੀਦਾਰ ਦੇ ਲਈ ਹੱਬ ਕੁਲੈਕਸ਼ਨ ਸਾਈਟ ਦੀ ਮੇਜ਼ਬਾਨੀ ਕਰਨ ਲਈ ਇੱਕ ਮਨੋਨੀਤ ਸਕੂਲ ਦੀ ਚੋਣ ਕੀਤੀ ਜਾਵੇਗੀ, ਜਿਸ ਨਾਲ ਉਨ੍ਹਾਂ ਨੂੰ ਸੁਵਿਧਾਜਨਕ ਪਹੁੰਚ ਮਿਲ ਸਕੇਗੀ। ਸੈਂਪਲ ਇਕੱਤਰ ਕਰਨ ਦਾ ਸਮਾਂ ਨਿਰਧਾਰਤ ਕਰਨ ਲਈ, LifeLabs ਸਕੂਲ ਜਾਂ ਸਕੂਲ ਬੋਰਡ ਦੇ ਨਾਲ ਸਿੱਧਾ ਕੰਮ ਕਰੇਗੀ।

### ?ਟੈਸਟ ਕਿਵੇਂ ਕੀਤਾ ਜਾਵੇਗਾ

LifeLabs ਇਕ Q-ਟਿਪ ਵਰਗੇ ਸਵੈਬ ਦੀ ਵਰਤੋਂ ਕਰਦੀ ਹੈ ਜੋ ਨੱਕ ਦੇ ਅਗਲੇ ਹਿੱਸੇ ਵਿਚ ਪਾ ਕੇ ਪੰਦਰਾਂ ਸਕਿੰਟ (ਹਰ ਨੱਕ 'ਚ) ਤੱਕ ਘੁੰਮਾਈ ਜਾਂਦੀ ਹੈ। ਸਾਡਾ ਸਿਖਿਅਤ ਸਟਾਫ ਸਕੂਲ ਦੁਆਰਾ ਨਿਰਧਾਰਤ ਜਗ੍ਹਾ ਤੇ ਟੈਸਟ ਕਰੇਗਾ। ਕੁਝ ਵਿਦਿਆਰਥੀ ਟੈਸਟ ਤੋਂ ਘਬਰਾ ਸਕਦੇ ਹਨ, ਪਰ ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਇਸ ਟੈਸਟ ਵਿੱਚ ਕੋਈ ਦਰਦ ਨਹੀਂ ਹੁੰਦਾ ਅਤੇ ਤੁਹਾਡੇ ਬੱਚੇ ਨੂੰ ਕੋਈ ਪਰੇਸ਼ਾਨੀ ਨਹੀਂ ਹੋਣਾ ਚਾਹੀਦੀ। ਟੈਸਟ ਦੇ ਪੂਰੇ ਹੋਣ 'ਚ ਦੋ ਮਿੰਟ ਤੋਂ ਵੱਧ ਨਹੀਂ ਲਗਣੇ ਚਾਹੀਦੇ।

### ?ਕੀ ਮੈਂ ਇਸ ਪਰਕਿਰਿਆ ਦੇ ਦੌਰਾਨ ਆਪਣੇ ਬੱਚੇ ਦੇ ਨਾਲ ਜਾ ਸਕਦਾ ਹਾਂ

ਅਸੀਂ ਸਿਫਾਰਸ਼ ਕਰਦੇ ਹਾਂ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚੇ (ਬੱਚਿਆਂ) ਦੇ ਨਾਲ ਉਨ੍ਹਾਂ ਦੇ ਮਾਪੇ ਜਾਂ ਕਾਨੂੰਨੀ ਸਰਪ੍ਰਸਤ ਟੈਸਟਿੰਗ ਸਾਈਟ 'ਤੇ ਜਾਣ।

### ?ਕੀ ਇਹ ਟੈਸਟ ਲਾਜ਼ਮੀ ਹੈ

ਨਹੀਂ, ਇਹ ਟੈਸਟ ਸਵੈਇੱਛਤ ਹੈ।

### ਜੇ ਮੇਰਾ ਬੱਚਾ ਟੈਸਟ ਦੇ ਦਿਨ ਟੈਸਟ ਕਰਵਾਉਣ ਤੋਂ ਇਨਕਾਰ ਕਰ ਦਿੰਦਾ ਹੈ ਤਾਂ ?ਕੀ ਹੋਵੇਗਾ

ਅਸੀਂ ਵਿਦਿਆਰਥੀਆਂ ਲਈ ਇਸ ਨੂੰ ਇੱਕ ਸੰਖੇਪ ਅਤੇ ਸੁਖਾਵਾਂ ਤਜਰਬਾ ਬਣਾਉਣ 'ਤੇ ਧਿਆਨ ਦੇ ਰਹੇ ਹਾਂ। ਅਸੀਂ ਤੁਹਾਨੂੰ ਯਕੀਨ ਦਿਵਾਉਣਾ ਚਾਹੁੰਦੇ ਹਾਂ ਕਿ ਜੇ ਤੁਹਾਡਾ ਬੱਚਾ ਬੇਚੈਨ ਜਾਂ ਟੈਸਟ ਕਰਵਾਉਣ ਤੋਂ ਅਸਮਰੱਥ ਹੋਵੇ, ਤਾਂ ਅਸੀਂ ਤੁਹਾਡੇ ਬੱਚੇ ਦੀ ਜਾਂਚ ਨਹੀਂ ਕਰਾਂਗੇ।

### ?ਸਾਨੂੰ ਟੈਸਟ ਦੇ ਨਤੀਜੇ ਕਦੋਂ ਮਿਲਣਗੇ

ਟੈਸਟ ਦੇ ਨਤੀਜੇ 24 ਤੋਂ 48 ਘੰਟਿਆਂ ਦੇ ਅੰਦਰ ਪ੍ਰਦਾਨ ਕੀਤੇ ਜਾਣਗੇ। ਨਤੀਜੇ covid19results.ehealthontario.ca 'ਤੇ ਅਪਲੋਡ ਕੀਤੇ ਜਾਣਗੇ। ਇਹ ਵੈਬਸਾਈਟ ਵਿਅਕਤੀ ਦੀ ਪਛਾਣ ਕਰਨ ਅਤੇ ਪ੍ਰਮਾਣਿਤ ਕਰਨ ਲਈ (ਜਿਵੇਂ ਕਿ ਤੁਹਾਡਾ ਬੱਚਾ), ਚੈੱਕ-ਇਨ ਕਰਨ ਵੇਲੇ ਦਰਜ ਕੀਤੇ ਗਏ ਵੇਰਵਿਆਂ ਦੀ ਵਰਤੋਂ ਕਰਦੀ ਹੈ, ਜਿਵੇਂ ਸਿਹਤ ਕਾਰਡ ਨੰਬਰ ਜਾਂ ਜਨਮ ਮਿਤੀ। ਇਹ ਫਿਰ ਕੋਵਿਡ-19 ਟੈਸਟ ਦੇ ਨਤੀਜਿਆਂ ਲਈ ਰਿਪੋਜ਼ਟਰੀ ਦੀ ਭਾਲ ਕਰਦੀ ਹੈ। ਨਤੀਜੇ ਰਿਪੋਰਟ ਕੀਤੇ ਜਾਣ ਦੀ ਮਿਤੀ ਤੋਂ 90 ਦਿਨਾਂ ਤਕ ਪ੍ਰਦਰਸ਼ਤ ਕੀਤੇ ਜਾਂਦੇ ਹਨ। ਤੁਸੀਂ LifeLabs WorkClear Thrive ਐਪਲੀਕੇਸ਼ਨ 'ਤੇ ਵੀ ਨਤੀਜੇ ਵੇਖ ਸਕਦੇ ਹੋ।

### ?ਜੇ ਟੈਸਟ ਦਾ ਨਤੀਜਾ ਪਾਜ਼ਿਟਿਵ ਹੋਵੇ ਤਾਂ ਕੀ ਹੋਵੇਗਾ

ਪਾਜ਼ਿਟਿਵ ਨਤੀਜੇ ਪਬਲਿਕ ਹੈਲਥ ਯੂਨਿਟ ਦੇ ਨਿਰਦੇਸ਼ ਅਨੁਸਾਰ ਪ੍ਰਦਾਨ ਕੀਤੇ ਜਾਣਗੇ। ਜੇ ਤੁਹਾਡੇ ਬੱਚੇ ਦਾ ਕੋਵਿਡ -19 ਟੈਸਟ ਪਾਜ਼ਿਟਿਵ ਆਉਂਦਾ ਹੈ, ਤਾਂ ਤੁਹਾਨੂੰ ਆਪਣੀ ਸਥਾਨਕ ਪਬਲਿਕ ਹੈਲਥ ਯੂਨਿਟ ਤੋਂ ਕੁਝ ਦਿਨਾਂ ਵਿੱਚ ਇੱਕ ਕਾਲ ਆਵੇਗੀ।

### ?ਜੇ ਮੇਰੇ ਜਾਂ ਮੇਰੇ ਬੱਚੇ ਵਿੱਚ ਕੋਵਿਡ 19 ਦੇ ਲੱਛਣ ਹੋਣ ਤਾਂ ਕੀ ਹੋਵੇਗਾ

ਇਹ ਟੈਸਟਿੰਗ ਸਿਰਫ ਬਿਨ੍ਹਾਂ ਲੱਛਣਾਂ ਵਾਲੇ ਵਿਅਕਤੀਆਂ ਨੂੰ ਪ੍ਰਦਾਨ ਕੀਤੀ ਜਾਏਗੀ। ਜੇ ਤੁਹਾਡੇ ਜਾਂ ਤੁਹਾਡੇ ਬੱਚੇ (ਬੱਚਿਆਂ) ਵਿੱਚ ਕੋਵਿਡ -19 ਦੇ ਕੋਈ ਲੱਛਣ ਹੋਣ, ਤਾਂ ਕਿਰਪਾ ਕਰਕੇ ਪਬਲਿਕ ਹੈਲਥ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ।

### ?ਕੀ ਇਹ ਸੁਰੱਖਿਅਤ ਹੈ

ਹਰੇਕ ਮੋਬਾਈਲ ਕਲੇਕਸ਼ਨ ਸਾਈਟ ਵਿੱਚ ਹੇਠਾਂ ਦਿੱਤੇ ਸਿਹਤ ਅਤੇ ਸੁਰੱਖਿਆ :ਪ੍ਰੋਟੋਕੋਲ ਸ਼ਾਮਲ ਹੋਣਗੇ

- ਡ੍ਰੋਪਲੇਟ ਸਾਵਧਾਨੀਆਂ ਲਈ ਹਰੇਕ ਕਾਰਜਸ਼ੀਲ ਕਰਮਚਾਰੀ ਲਈ PPE, ਜਿਸ ਵਿੱਚ ਕੁਝ ਆਇਟਮਾਂ ਹਰੇਕ ਵਿਅਕਤੀ ਨੂੰ ਸੇਵਾ ਪ੍ਰਦਾਨ ਕਰਨ ਤੋਂ ਬਾਅਦ ਬਦਲੀਆਂ ਜਾਣਗੀਆਂ
- ਸਾਰੇ ਕਰਮਚਾਰੀਆਂ ਲਈ ਹੱਥਾਂ ਦੀ ਵੱਧ ਸਫਾਈ
- ਹਰੇਕ ਵਿਅਕਤੀ ਦੀ ਜਾਂਚ ਤੋਂ ਬਾਅਦ ਕਜੂਬਿਕਲਸ ਅਤੇ ਕੁਰਸੀਆਂ ਨੂੰ ਰੋਗਾਣੂ-ਮੁਕਤ ਕਰਨਾ
- ਲੋੜ ਪੈਣ ਤੇ ਸਰਜੀਕਲ ਮਾਸਕ ਦਿੱਤੇ ਜਾਣਗੇ
- ਸੇਵਾ ਪ੍ਰਦਾਨ ਕਰਨ ਤੋਂ ਪਹਿਲਾਂ ਅਤੇ ਬਾਅਦ 'ਚ, ਵਿਦਿਆਰਥੀਆਂ ਅਤੇ ਕਰਮਚਾਰੀਆਂ ਲਈ ਹੱਥਾਂ ਦੀ ਸਫਾਈ ਦੀ ਜਰੂਰਤ ਹੋਏਗੀ

ਜੇ ਤੁਹਾਡੇ ਕੋਈ ਹੋਰ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ 1-877-849-3637 ਤੇ ਸਾਡੇ ਕਾਲ ਸੈਂਟਰ ਨਾਲ ਸੰਪਰਕ ਕਰੋ।'